ਤਾਰੀਖ: 23 ਅਗਸਤ 2025

ਸਿਲੈਕਟ ਕਮੇਟੀ
ਪੰਜਾਬ ਸਰਕਾਰ

**ਵਿਸ਼ਾ: ਪ੍ਰਸਤਾਵਿਤ ਬੇਅਦਬੀ ਵਿਰੁਧ ਬਿੱਲ — ਛਲਾਵਾ ਅਤੇ ਬੇਲੋੜਾ**

ਸਿਲੈਕਟ ਕਮੇਟੀ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ,

ਇਸ ਗੱਲ 'ਤੇ ਕੋਈ ਸੰਦੇਹ ਨਹੀਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਿਛਲੀ ਅਤੇ ਚੱਲ ਰਹੀਆਂ ਬੇਅਦਬੀਆਂ ਨੇ ਸਿੱਖ ਕੌਮ ਨੂੰ ਗਹਿਰਾਈ ਨਾਲ ਝੰਜੋੜਿਆ ਹੈ ਅਤੇ ਇਸ ਲਈ ਸਥਾਈ ਹੱਲ ਦੀ ਲੋੜ ਹੈ। ਇਹ ਸੁਣਨਾ ਬਹੁਤ ਪੀੜਾਦਾਇਕ ਹੈ ਕਿ ਮੁੱਖ ਦੋਸ਼ੀ ਸਾਧ ਰਾਮ ਰਹੀਮ ਨੂੰ ਵਾਰ-ਵਾਰ ਮਹੀਨਿਆਂ ਦੀ ਪੈਰੋਲ 'ਤੇ ਰਿਹਾ ਕੀਤਾ ਜਾ ਰਿਹਾ ਹੈ, ਜਦੋਂਕਿ ਉਸ ਵੇਲੇ ਦੀ ਬਾਦਲ ਸਰਕਾਰ ਦੇ ਉਹ ਅਧਿਕਾਰੀ—ਜੋ ਨਿਰਦੋਸ਼ ਪ੍ਰਦਰਸ਼ਨਕਾਰੀਆਂ 'ਤੇ ਗੋਲੀ ਚਲਾਉਣ ਦੇ ਜ਼ਿੰਮੇਵਾਰ ਸਨ—ਅਜੇ ਵੀ ਖੁੱਲ੍ਹੇ ਫਿਰ ਰਹੇ ਹਨ। ਪੰਜਾਬ ਸਰਕਾਰ ਨੇ ਪਿਛਲੀਆਂ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਭਾਰਤੀ ਦੰਡ ਸੰਹਿਤਾ ਦੀ ਧਾਰਾ 295A (ਜੋ ਹੁਣ ਭਾਰਤੀ ਨਿਆਂ ਸੰਹਿਤਾ ਅਧੀਨ ਧਾਰਾ 299 ਵਜੋਂ ਦਰਜ ਹੈ) ਤਹਿਤ ਕੋਈ ਵੀ ਬਣਦੀ ਕਾਰਵਾਈ ਨਹੀਂ ਕੀਤੀ। ਇਸ ਪ੍ਰਸੰਗ ਵਿੱਚ, ਪ੍ਰਸਤਾਵਿਤ ਬੇਅਦਬੀ ਵਿਰੁਧ ਬਿੱਲ ਅਸਲ ਦੋਸ਼ੀਆਂ ਤੋਂ ਧਿਆਨ ਹਟਾਉਂਦਾ ਹੈ ਅਤੇ ਸਿੱਖ ਭਾਵਨਾਵਾਂ ਨਾਲ ਰਾਜਨੀਤਿਕ ਖੇਡ ਖੇਡਦਾ ਹੈ—ਇਹ ਵੀ ਉਤਨਾ ਹੀ ਚਿੰਤਾਜਨਕ ਹੈ।

ਸਰਬੱਤ ਖ਼ਾਲਸਾ ਜਥੇਬੰਦੀ ਨੇ ਕਾਨੂੰਨੀ ਮਾਹਿਰਾਂ ਨਾਲ ਸਲਾਹ ਕੀਤੀ ਅਤੇ “ਬੇਅਦਬੀ ਵਿਰੁਧ ਬਿੱਲ ਦੇ ਦੂਰਗਾਮੀ ਪ੍ਰਭਾਵ” ਵਿਸ਼ੇ 'ਤੇ ਵੈਬਿਨਾਰ ਕਰਵਾਇਆ। ਬਿੱਲ ਦੇ ਵੱਖ-ਵੱਖ ਪੱਖਾਂ ਦਾ ਵਿਸਥਾਰ ਨਾਲ ਅਧਿਐਨ ਕਰਨ ਤੋਂ ਬਾਅਦ, ਸਰਬੱਤ ਖ਼ਾਲਸਾ ਜਥੇਬੰਦੀ ਇਸ ਬਿੱਲ ਨੂੰ ਹੇਠ ਲਿਖੇ ਕਾਰਨਾਂ ਕਰਕੇ ਛਲਾਵਾ ਅਤੇ ਬੇਲੋੜਾ ਮੰਨਦੀ ਹੈ:

**1. ਵੀਚਾਰ ਪ੍ਰਗਟ ਕਰਨ ਦੀ ਆਜ਼ਾਦੀ ਦੀ ਉਲੰਘਣਾ**
ਇਸ ਸਾਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦੇ 350 ਸਾਲ ਪੂਰੇ ਹੋ ਰਹੇ ਹਨ—ਜਿਨ੍ਹਾਂ ਨੇ ਮਨੁੱਖੀ ਹੱਕਾਂ ਅਤੇ ਅਭਿਵਿਅਕਤੀ ਦੀ ਆਜ਼ਾਦੀ ਦੀ ਰੱਖਿਆ ਲਈ ਅਦੁੱਤੀ ਸ਼ਹਾਦਤ ਦਿੱਤੀ। ਇਸ ਤਰਾਂ ਦੇ ਬਿੱਲ ਉਸ ਵਿਰਾਸਤ ਦੇ ਉਲਟ ਹਨ, ਕਿਉਂਕਿ ਇਹ ਸੱਤਾ-ਧਾਰੀਆਂ ਨੂੰ ਇਸਦਾ ਗਲਤ ਫਾਇਦਾ ਚੁੱਕਣ ਅਤੇ ਭਾਵਨਾ ਅਨੁਸਾਰ ਵਿਆਖਿਆ ਕਰਨ ਦੇ ਮੌਕੇ ਦਿੰਦੇ ਹਨ। ਕੋਈ ਵੀ ਕਾਨੂੰਨ ਜੋ ਮਨੁੱਖਤਾ ਦੇ ਮੂਲ ਅਧਿਕਾਰਾਂ ਦੀ ਆਜ਼ਾਦੀ ਨੂੰ ਘਟਾਉਣ ਦੀ ਸੰਭਾਵਨਾ ਰੱਖਦਾ ਹੋਵੇ, ਕਦੇ ਨਹੀਂ ਬਣਨਾ ਚਾਹੀਦਾ।

**2. ਗੁਰੂ ਗ੍ਰੰਥ ਸਾਹਿਬ ਜੀ ਨੂੰ ਹੋਰ ਧਾਰਮਿਕ ਗ੍ਰੰਥਾਂ ਦੇ ਬਰਾਬਰ ਰੱਖਣਾ**
ਬਿੱਲ ਦੀ ਧਾਰਾ 2(ਅ) ਵਿੱਚ ਲਿਖਿਆ ਹੈ:
‘ਪਵਿੱਤਰ ਗ੍ਰੰਥ’ ਉਹ ਗ੍ਰੰਥ ਹਨ ਜੋ ਸੰਬੰਧਤ ਧਾਰਮਿਕ ਪੰਥਾਂ ਵੱਲੋਂ ਪਵਿੱਤਰ ਮੰਨੇ ਜਾਂਦੇ ਹਨ ਅਤੇ ਇਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਂ ਇਸ ਦੇ ਅੰਸ਼ ਜਿਵੇਂ ਪੋਥੀਆਂ ਅਤੇ ਗੁਟਕਾ ਸਾਹਿਬ, ਸ਼੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ਼ ਅਤੇ ਹੋਲੀ ਬਾਈਬਲ ਸ਼ਾਮਲ ਹੋ ਸਕਦੇ ਹਨ।

ਜਦਕਿ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣਤਾ ਹੈ:

·ਇਸ ਵਿੱਚ ਵੱਖ-ਵੱਖ ਪਿਛੋਕੜਾਂ ਦੇ ਸੰਤਾਂ ਦੀ ਬਾਣੀ ਹੈ, ਜੋ ਸਾਰੇ ਸੰਸਾਰ ਦੀ ਭਲਾਈ ਦਾ ਸਰਵਭੌਮ ਸੰਦੇਸ਼ ਦਿੰਦੀ ਹੈ:
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ *(ਮਹਲਾ ੫)*
ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥ *(ਮਹਲਾ ੩)*

·ਇਹ ਇਕੋ-ਇੱਕ ਗ੍ਰੰਥ ਹੈ ਜਿਸ ਨੂੰ ਇਸਦੇ ਅਨੁਯਾਈ ਗੁਰੂ—ਪੈਗ਼ੰਬਰ ਦੇ ਬਰਾਬਰ—ਮੰਨਦੇ ਹਨ।

·ਭਾਰਤ ਦੇ ਸੁਪਰੀਮ ਕੋਰਟ ਵੱਲੋਂ ਵੀ ਜਾਇਦਾਦ ਦੇ ਅਧਿਕਾਰਾਂ ਦੇ ਸੰਦਰਭ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ “ਜੂਰਿਸਟਿਕ ਪਰਸਨ” ਮੰਨਿਆ ਗਿਆ ਹੈ।

ਧਾਰਾ 2(ਅ) ਵਿੱਚ ਹੋਰ ਗ੍ਰੰਥਾਂ ਦੇ ਬਰਾਬਰ ਰੱਖਣ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲਾਂ ਤੋਂ ਸਥਾਪਿਤ ਵਿਲੱਖਣ ਮਰਯਾਦਾ ਘਟਦੀ ਹੈ। ਪੋਥੀਆਂ ਅਤੇ ਗੁਟਕਾ ਸਾਹਿਬ, ਭਾਵੇਂ ਆਦਰਯੋਗ ਹਨ, ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਨਹੀਂ ਹੋ ਸਕਦੇ।

**3. ਵਿਵਾਦਿਤ ਗ੍ਰੰਥ ਸ਼ਾਮਲ ਕਰਨ ਦੀ ਸੰਭਾਵਨਾ**
ਧਾਰਾ 2(ਅ) ਵਿੱਚ ਵਰਤੇ ਸ਼ਬਦ “ਸ਼ਾਮਲ ਹੋ ਸਕਦੇ ਹਨ” ਬਹੁਤ ਅਸਪਸ਼ਟ ਹਨ। ਇਸ ਰਾਹੀਂ ਉਹ ਗ੍ਰੰਥ ਵੀ ਸ਼ਾਮਲ ਕੀਤੇ ਜਾ ਸਕਦੇ ਹਨ ਜਿਨ੍ਹਾਂ ਦਾ ਸਿੱਖਾਂ ਵੱਲੋਂ ਇਤਿਹਾਸਕ ਤੌਰ 'ਤੇ ਵਿਰੋਧ ਕੀਤਾ ਗਿਆ ਹੈ—ਜਿਵੇਂ ਭਾਨੀਆਰੇ ਸਾਧ ਦਾ ਭਵਸਾਗਰ ਗ੍ਰੰਥ, ਨਿਰੰਕਾਰੀਆਂ ਦੀ ਅਵਤਾਰ ਬਾਣੀ ਆਦਿ। ਸਿੱਖ ਪੰਥ ਦੇ ਅੰਦਰ ਵੀ ਕੁਝ ਗ੍ਰੰਥ (ਜਿਵੇਂ ਕੀ ਸਰਬਲੋਹ ਗ੍ਰੰਥ, ਬਚਿਤਰ ਨਾਟਕ , ਆਦਿ) ਕਈਆਂ ਵੱਲੋਂ ਪਵਿੱਤਰ ਮੰਨੇ ਜਾਂਦੇ ਹਨ, ਪਰ ਹੋਰਨਾ ਵੱਲੋਂ ਉਨ੍ਹਾਂ ਦੀ ਆਲੋਚਨਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਢਿੱਲੀ ਭਾਸ਼ਾ ਸਹਿਮਤ ਨਾਲ ਅਸਹਿਮਤੀ ਰੱਖਣ ਦੇ ਅਧਿਕਾਰ ਨੂੰ ਖਤਰੇ ਵਿੱਚ ਪਾ ਸਕਦੀ ਹੈ।

**4. 'ਬੇਅਦਬੀ' ਦੀ ਸਪਸ਼ਟ ਪਰਿਭਾਸ਼ਾ ਨਾ ਹੋਣ ਕਾਰਨ ਗਲਤ ਵਰਤੋਂ ਦਾ ਖ਼ਤਰਾ**
ਧਾਰਾ 2(ਬ) ਵਿੱਚ ਲਿਖਿਆ ਹੈ:
'ਅਪਰਾਧ' ਦਾ ਅਰਥ ਹੈ ਕਿਸੇ ਵੀ ਪਵਿੱਤਰ ਗ੍ਰੰਥ ਜਾਂ ਉਸ ਦੇ ਹਿੱਸੇ ਦੀ ਬੇਅਦਬੀ, ਨੁਕਸਾਨ, ਨਾਸ਼, ਬਦਸੂਰਤੀ, ਬੇਰੰਗੀ, ਗੰਦਲਾ ਕਰਨਾ, ਸਾੜਨਾ, ਤੋੜਨਾ ਜਾਂ ਫਾੜਨਾ।

ਹੈਰਾਨੀ ਦੀ ਗੱਲ ਹੈ ਕਿ ਬਿੱਲ ਦਾ ਨਾਮ ਤਾਂ "ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ" ਹੈ ਪਰ 'ਬੇਅਦਬੀ' ਦੀ ਸਪਸ਼ਟ ਪਰਿਭਾਸ਼ਾ ਹੀ ਨਹੀਂ ਦਿੱਤੀ ਗਈ। ਇਸ ਨਾਲ ਸ਼ਿਕਾਇਤਕਰਤਾ ਆਪਣੀ ਮਨਮਰਜ਼ੀ ਦੇ 'ਬੇਅਦਬੀ' ਦੇ ਅਰਥ ਕੱਢ ਸਕਦਾ ਹੈ—ਅਤੇ ਸੰਭਵ ਹੈ ਕਿ ਸਿੱਖਾਂ ਨੂੰ ਹੀ ਨਿਸ਼ਾਨਾ ਬਣਾਇਆ ਜਾਵੇ ਜੇ ਉਹ ਗੁਰਬਾਣੀ ਦੀਆਂ ਉਹ ਪੰਕਤੀਆਂ ਦਾ ਪ੍ਰਚਾਰ ਕਰਨ ਜੋ ਰਸਮੀ ਕਰਮਕਾਂਡ ਅਤੇ ਧਾਰਮਿਕ ਪਖੰਡ ਦੀ ਨਿੰਦਾ ਕਰਦੀਆਂ ਹਨ। ਜਿਵੇਂ:

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ *(ਭਗਤ ਕਬੀਰ)*
ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ *(ਭਗਤ ਨਾਮਦੇਵ)*
ਕਾਦੀ ਕੂੜੁ ਬੋਲਿ ਮਲੁ ਖਾਇ ॥ ਬ੍ਰਾਹਮਣੁ ਨਾਵੈ ਜੀਆ ਘਾਇ ॥ *(ਮਹਲਾ ੧)*

ਗੁਰਬਾਣੀ ਦਾ ਜੀਵਨ-ਮੁਕਤ ਕਰਨ ਵਾਲਾ ਸੰਦੇਸ਼ ਅਜਿਹੇ ਢਿੱਲੇ ਕਾਨੂੰਨ ਅਧੀਨ ਅਸਾਨੀ ਨਾਲ "ਦੂਜੇ ਧਰਮਾਂ ਦੀ ਬੇਅਦਬੀ" ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਇਹ ਸਿੱਖ ਮਿਸ਼ਨ ਲਈ ਸਿੱਧਾ ਖ਼ਤਰਾ ਹੈ, ਜੋ ਮਨੁੱਖਤਾ ਨੂੰ ਝੂਠ ਅਤੇ ਪੁਜਾਰੀਵਾਦ ਦੇ ਬੰਧਨਾਂ ਤੋਂ ਆਜ਼ਾਦ ਕਰਦਾ ਹੈ।

**ਨਤੀਜਾ**
ਉਪਰੋਕਤ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ, ਸਰਬੱਤ ਖ਼ਾਲਸਾ ਜਥੇਬੰਦੀ ਪ੍ਰਸਤਾਵਿਤ ਬੇਅਦਬੀ ਵਿਰੁਧ ਬਿੱਲ—ਅਤੇ ਇਸ ਤਰ੍ਹਾਂ ਦੇ ਹੋਰ ਕਿਸੇ ਵੀ ਕਾਨੂੰਨ—ਦਾ ਵਿਰੋਧ ਕਰਦੀ ਹੈ, ਜੋ ਮਨੁੱਖੀ ਅਧਿਕਾਰਾਂ ਦੀ ਆਜ਼ਾਦੀ ਨੂੰ ਖ਼ਤਰੇ ਵਿੱਚ ਪਾਉਂਦਾ ਹੋਵੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਲੱਖਣ ਮਰਯਾਦਾ ਨੂੰ ਘਟਾਉਂਦਾ ਹੋਵੇ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ੍ਹ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।

**ਕਾਪੀ:**
ਮੁੱਖ ਮੰਤਰੀ ਦਫ਼ਤਰ, ਪੰਜਾਬ ਸਰਕਾਰ
ਸਪੀਕਰ, ਪੰਜਾਬ ਵਿਧਾਨ ਸਭਾ
ਪ੍ਰਧਾਨ, ਐਸ.ਜੀ.ਪੀ.ਸੀ., ਅੰਮ੍ਰਿਤਸਰ